# ਟੈਨਿਸ ਤੁਹਾਡੇ ਬੱਚੇ ਨੂੰ ਸੁਰੱਖਿਅਤ ਰੱਖਣ ਲਈ ਕੀ ਕਰ ਰਿਹਾ ਹੈ

ਅਸੀਂ ਹਰੇਕ ਵਿਅਕਤੀ ਲਈ, ਖ਼ਾਸ ਕਰਕੇ ਬੱਚਿਆਂ ਲਈ, ਇੱਕ ਸੁਰੱਖਿਅਤ ਅਤੇ ਉਤਸ਼ਾਹਜਨਕ ਮਾਹੌਲ ਬਣਾਉਣ ਲਈ ਵਚਨਬੱਧ ਹਾਂ।

ਆਸਟ੍ਰੇਲੀਆਈ ਟੈਨਿਸ ਵਿੱਚ ਭਾਗ ਲੈਣ ਵਾਲੇ ਹਰੇਕ ਵਿਅਕਤੀ ਦੀ ਸਿਹਤ, ਸੁਰੱਖਿਆ ਅਤੇ ਤੰਦਰੁਸਤੀ ਦੀ ਰੱਖਿਆ ਲਈ ਮੈਂਬਰ ਸੁਰੱਖਿਆ ਨੀਤੀ ਲਾਗੂ ਕੀਤੀ ਗਈ ਹੈ।

ਬੱਚਿਆਂ ਦੀ ਸੁਰੱਖਿਆ ਦੇ ਸਾਡੇ ਹੋਰ ਉਪਾਵਾਂ ਬਾਰੇ ਕੁੱਝ ਮਹੱਤਵਪੂਰਨ ਜਾਣਕਾਰੀ ਦੇ ਨਾਲ, ਇੱਥੇ ਕੁੱਝ ਚੀਜ਼ਾਂ ਹਨ ਜੋ ਬੱਚਿਆਂ ਦੀ ਸੁਰੱਖਿਆ ਦੇ ਸੰਬੰਧ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ:

### ਜਾਂਚ-ਪੜਤਾਲ

ਖੇਡਾਂ ਦੇ ਅੰਦਰ ਭੂਮਿਕਾਵਾਂ ਲਈ ਉਮੀਦਵਾਰਾਂ ਦੀ ਨਿਯੁਕਤੀ ਕਰਦੇ ਸਮੇਂ, ਅਸੀਂ ਬੱਚਿਆਂ ਨਾਲ ਹੋਣ ਵਾਲੇ ਸ਼ੋਸ਼ਣ ਜਾਂ ਹੋਰ ਕਿਸੇ ਵੀ ਅਣਉਚਿਤ ਵਿਵਹਾਰ ਨਾਲ ਸੰਬੰਧਿਤ ਖ਼ਤਰੇ ਨੂੰ ਘਟਾਉਣ ਲਈ ਸਖ਼ਤ ਜਾਂਚ-ਪੜਤਾਲ ਕਰਦੇ ਹਾਂ।

ਇਸ ਪ੍ਰਕਿਰਿਆ ਵਿੱਚ ਇੰਟਰਵਿਊ, ਰੈਫ਼ਰੈਂਸ ਜਾਂਚ, ਵਰਕਿੰਗ ਵਿਦ ਚਿਲਡਰਨ ਚੈੱਕ ਅਤੇ ਪੁਲਿਸ ਜਾਂਚਾਂ ਸ਼ਾਮਲ ਹੋ ਸਕਦੀਆਂ ਹਨ।

ਸਾਰੇ TA ਕੋਚ ਮੈਂਬਰਾਂ ਦੀ ਜਾਂਚ ਕੀਤੀ ਜਾਂਦੀ ਹੈ, ਬੀਮਾ ਹੁੰਦਾ ਹੈ ਅਤੇ ਯੋਗਤਾ ਪ੍ਰਾਪਤ ਹੁੰਦੇ ਹਨ।

### ਹਰ ਕਿਸਮ ਦੇ ਸ਼ੋਸ਼ਣ ਤੋਂ ਸੁਰੱਖਿਆ

ਸਾਡਾ ਮੰਨਣਾ ਹੈ ਕਿ ਟੈਨਿਸ ਸਾਰਿਆਂ ਲਈ ਇੱਕ ਮੈਚ ਹੈ ਅਤੇ ਇੱਕ ਅਜਿਹੇ ਮਾਹੌਲ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਿੱਥੇ ਸਾਰਿਆਂ ਦਾ ਖੇਡਣ ਲਈ ਸੁਆਗਤ ਹੈ ਅਤੇ ਅਜਿਹਾ ਕਰਨ ਵੇਲੇ ਸੁਰੱਖਿਅਤ ਮਹਿਸੂਸ ਕਰਦੇ ਹਨ।

ਅਸੀਂ ਲਿੰਗ, ਨਸਲ, ਉਮਰ, ਗਰਭ-ਅਵਸਥਾ, ਧਰਮ ਅਤੇ ਜਿਨਸੀ ਝੁਕਾਅ ਦੇ ਆਧਾਰ 'ਤੇ ਹਰ ਕਿਸਮ ਦੇ ਸ਼ੋਸ਼ਣ ਤੋਂ ਮੁਕਤ ਜਗ੍ਹਾ ਬਣਾਉਣ ਲਈ ਵਚਨਬੱਧ ਹਾਂ, ਜਿਸ ਵਿੱਚ ਤੰਗ-ਪ੍ਰੇਸ਼ਾਨ ਕਰਨਾ, ਜਿਨਸੀ ਪਰੇਸ਼ਾਨੀ, ਸ਼ੋਸ਼ਣ, ਬਾਲ ਸ਼ੋਸ਼ਣ, ਅਪਮਾਨਜਨਕ, ਪੀੜਤ-ਵਿਰਤੀ ਅਤੇ ਗ਼ੈਰ-ਕਾਨੂੰਨੀ ਵਿਤਕਰੇ ਸ਼ਾਮਲ ਹਨ।

### ਸ਼ਿਕਾਇਤ ਸੌਂਪਣਾ

ਇਹ ਯਕੀਨੀ ਬਣਾਉਣ ਲਈ ਕਿ ਅਸੀਂ ਇੱਕ ਸੁਰੱਖਿਅਤ ਵਾਤਾਵਰਣ ਨੂੰ ਬਰਕਰਾਰ ਰੱਖਦੇ ਹਾਂ, ਮੈਂਬਰ ਪ੍ਰੋਟੈਕਸ਼ਨ ਪਾਲਿਸੀ ਇਹ ਯਕੀਨੀ ਬਣਾਉਂਦੀ ਹੈ ਕਿ ਜੇਕਰ ਕੋਈ ਸ਼ਿਕਾਇਤ ਆਉਂਦੀ ਹੈ, ਤਾਂ ਉਸ ਦਾ ਨਿਪਟਾਰਾ ਉਚਿਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਜਾਂਦਾ ਹੈ।

ਸਹਾਇਕ ਮਾਹੌਲ ਪ੍ਰਦਾਨ ਕਰਨ ਲਈ ਸ਼ਿਕਾਇਤ ਨਿਪਟਾਰਾ ਫਰੇਮਵਰਕ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ, ਤਾਂ ਜੋ ਸ਼ਿਕਾਇਤਾਂ ਸੁਣੀਆਂ ਜਾ ਸਕਣ, ਅਤੇ ਜ਼ੋਖਮ ਨੂੰ ਘੱਟ ਕਰਨ ਅਤੇ ਸ਼ਿਕਾਇਤ ਦਾ ਸਹੀ ਢੰਗ ਨਾਲ ਨਿਪਟਾਰਾ ਕਰਨ ਲਈ ਸਹੀ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਂਦੀ ਹੈ।

### ਬੱਚਿਆਂ ਦੀ ਸੁਰੱਖਿਆ ਲਈ ਆਚਰਣ ਸੰਹਿਤਾ

ਟੈਨਿਸ ਵਿੱਚ ਬੱਚਿਆਂ ਦੇ ਨਾਲ ਹੋਣ ਵਾਲੇ ਵਿਵਹਾਰ ਦੇ ਸੰਬੰਧ ਵਿੱਚ ਸਾਰੇ ਕਰਮਚਾਰੀਆਂ ਨੂੰ ਸਪੱਸ਼ਟ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਬੱਚਿਆਂ ਦੀ ਸੁਰੱਖਿਆ ਲਈ ਆਚਰਣ ਸੰਹਿਤਾ ਨੂੰ ਤਿਆਰ ਕੀਤਾ ਗਿਆ ਹੈ।

ਇਹ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣ ਅਤੇ ਉਹਨਾਂ ਨੂੰ ਸ਼ੋਸ਼ਣ ਅਤੇ ਅਣਗਹਿਲੀ ਤੋਂ ਬਚਾਉਣ ਲਈ ਬਣਾਈ ਗਈ ਹੈ। ਬੱਚਿਆਂ ਦੀ ਸੁਰੱਖਿਆ ਦੀ ਸੰਹਿਤਾ ਦੇ ਅਨੁਸਾਰ ਕੰਮ ਕਰਨਾ ਸਿਰਫ਼ ਬੱਚਿਆਂ ਦੀ ਰੱਖਿਆ ਹੀ ਨਹੀਂ ਕਰਦਾ ਹੈ, ਬਲਕਿ ਦੇਖਭਾਲ ਦੇ ਸਪਸ਼ਟ, ਪਾਰਦਰਸ਼ੀ ਅਤੇ ਵਿਹਾਰਕ ਮਿਆਰ ਪ੍ਰਦਾਨ ਕਰਕੇ ਕਰਮਚਾਰੀਆਂ ਦੀ ਸਹਾਇਤਾ ਵੀ ਕਰਦਾ ਹੈ।

### ਵਿਵਹਾਰ ਸੰਹਿਤਾ

ਇਸ ਵਿਵਹਾਰ ਸੰਹਿਤਾ ਵਿੱਚ ਦਰਸਾਏ ਗਏ ਕਦਰਾਂ-ਕੀਮਤਾਂ ਅਤੇ ਵਿਵਹਾਰ ਉਹ ਜਜ਼ਬਾ ਦਰਸਾਉਂਦੇ ਹਨ, ਜਿਸ ਅਨੁਸਾਰ ਆਸਟ੍ਰੇਲੀਆ ਵਿੱਚ ਟੈਨਿਸ ਖੇਡਿਆ ਅਤੇ ਦੇਖਿਆ ਜਾਂਦਾ ਹੈ।

ਇਹ ਬਹੁਤ ਜ਼ਰੂਰੀ ਹੈ ਕਿ ਹਰ ਕੋਈ ਹਮੇਸ਼ਾ ਇਨ੍ਹਾਂ ਕਦਰਾਂ-ਕੀਮਤਾਂ ਅਤੇ ਵਿਵਹਾਰਾਂ ਨੂੰ ਪ੍ਰਦਰਸ਼ਿਤ ਕਰੇ।

ਇਸ ਸੰਹਿਤਾ ਵਿੱਚ ਉਲੰਘਣਾਵਾਂ ਨਾਲ ਜੁੜੀਆਂ ਸਜ਼ਾਵਾਂ ਅਤੇ ਅਨੁਸ਼ਾਸ਼ਨਾਤਮਕ ਕਾਰਵਾਈਆਂ ਵੀ ਦੱਸੀਆਂ ਗਈਆਂ ਹਨ।

### ਰਿਪੋਰਟਿੰਗ ਅਤੇ ਸਹਾਇਤਾ

ਸ਼ਿਕਾਇਤ ਦਰਜ ਕਰਨ ਲਈ ਜਾਂ ਜੇਕਰ ਤੁਹਾਨੂੰ ਮੱਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ ਮੈਂਬਰ ਪ੍ਰੋਟੈਕਸ਼ਨ ਜਾਣਕਾਰੀ ਅਧਿਕਾਰੀ (MPIO) ਜਾਂ ਟੈਨਿਸ ਆਸਟ੍ਰੇਲੀਆ ਇੰਟੀਗਰਿਟੀ ਐਂਡ ਕੰਪਲਾਇੰਸ ਟੀਮ ਨਾਲ integrity@tennis.com.au 'ਤੇ ਸੰਪਰਕ ਕਰੋ।

ਤੁਸੀਂ ਹੇਠ ਲਿਖੇ ਤਰੀਕਿਆਂ ਰਾਹੀਂ ਗੁਪਤ ਸਹਾਇਤਾ ਵੀ ਪ੍ਰਾਪਤ ਕਰ ਸਕਦੇ ਹੋ ਜਾਂ ਸ਼ਿਕਾਇਤ ਦਰਜ ਕਰ ਸਕਦੇ ਹੋ: 24 ਘੰਟੇ ਟੈਲੀਫ਼ੋਨ ਰਿਪੋਰਟਿੰਗ ਅਤੇ ਸਹਾਇਤਾ ਸੇਵਾ: 1800 11 SAFE (1800 117 233)

ਔਨਲਾਈਨ ਸ਼ਿਕਾਇਤ ਦਰਜ ਕਰਨ ਲਈ: ਹੇਠ ਦਿੱਤੇ ਲਿੰਕ ਦੀ ਪਾਲਣਾ ਕਰੋ https://webform.clue.co.uk/TennisAU

tennis | A SAFER GAME PLAN

Working in partnership with

SPORT INTEGRITY AUSTRALIA